This question paper contains **3** printed pages]

*Your Roll No.*...............

**1272**

**B.A. (Hons.)/I Sem.** **B**

PUNJABI—Paper II

[Punjabi Sahit da Itihas (Nath Sahit to 1900 eesvee tak.)]

(Admissions of 2011 and onwards)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

ਨੋਟ :–ਪ੍ਰਸ਼ਨ-ਪੱਤਰ ਦੇ ਤਿੰਨ ਭਾਗ ਹਨ । ਹਰ ਭਾਗ ਦੇ ਸਾਰੇ ਪ੍ਰਸ਼ਨ ਹਲ ਕਰਨੇ ਲਾਜ਼ਮੀ ਹਨ ।

**ਭਾਗ I**

1. (ੳ) ਸਾਹਿਤ ਦੀ ਇਤਿਹਾਸਕਾਰੀ ਵੇਲੇ ਪੇਸ਼ ਆਉਂਦੀਆਂ ਦਿੱਕਤਾਂ ਦੀ ਚਰਚਾ ਕਰਦਿਆਂ, ਪੰਜਾਬੀ ਸਾਹਿਤ ਦੇ ਕੁਝ ਪ੍ਰਮੁੱਖ ਇਤਿਹਾਸਕਾਰਾਂ ਬਾਰੇ ਵੇਰਵਾ ਦਿਉ ।

ਜਾਂ

ਪੰਜਾਬੀ ਸਾਹਿਤ ਵਿਚ 'ਨਾਥ ਜੋਗੀ ਸਾਹਿਤ' ਦਾ ਕੀ ਮਹੱਤਵ ਹੈ ? ਵਿਸਥਾਰ ਸਹਿਤ ਲਿਖੋ । 15

(ਅ) ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ । (ਸ਼ਬਦ ਸੀਮਾ **50** ਤੋਂ **60** ਸ਼ਬਦ) :

(*i*) ਨਾਥ ਜੋਗੀਆਂ ਵੱਲੋਂ ਵਰਤੀ ਗਈ ਸੰਕਲਪੀ ਸ਼ਬਦਾਵਲੀ ਬਾਰੇ ਦੱਸੋ ।

(*ii*) ਪੰਜਾਬੀ ਸਹਿਤ ਦੀ ਉਤਪਤੀ ਤੇ ਵਿਕਾਸ ਪੁਸਤਕ ਦੇ ਲੇਖਕ ਕੌਣ ਹਨ ? ਇਹਨਾਂ ਅਨੁਸਾਰ ਪੰਜਾਬੀ ਸਾਹਿਤ ਦੀ ਕਾਲ-ਵੰਡ ਦਾ ਮਸਲਾ ਕੀ ਹੈ ?

P.T.O.

(*iii*) 'ਜੋਗ' ਤੋਂ ਕੀ ਭਾਵ ਹੈ ? ਨਾਥ ਜੋਗੀ ਕਿਹੜੇ-ਕਿਹੜੇ ਕਾਲ ਨਾਲ ਸੰਬੰਧਿਤ ਹਨ ?

(*iv*) ਬਾਬਾ ਬੁੱਧ ਸਿੰਘ ਬਾਰੇ ਸੰਖੇਪ ਨੋਟ ਲਿਖੋ । 5×2=10

## ਭਾਗ II

2\. (ੳ) ਪੰਜਾਬੀ ਸਾਹਿਤ ਦੇ ਮਧੱਕਾਲ ਦੀਆਂ ਕਾਵਿ ਧਾਰਾਵਾਂ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ ।

ਜਾਂ

ਪੰਜਾਬੀ ਸੂਫ਼ੀ-ਕਾਵਿ ਬਾਰੇ ਚਰਚਾ ਕਰਦਿਆਂ ਕੋਈ ਦੋ ਸੂਫੀਆਂ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਦਿਉ । 15

(ਅ) ਹੇਠ ਲਿਖਿਆਂ ਵਿਚੋਂ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ (ਸ਼ਬਦ ਸੀਮਾ **50** ਤੋਂ **60** ਸ਼ਬਦ) :

(*i*) ਕਿਹੜਾ ਪੰਜਾਬੀ ਸੂਫ਼ੀ ਕਵੀ ਆਪਣੀ ਰਚਨਾਂ ਵਿਚ 'ਹ' ਦੀ ਵਧੇਰੇ ਵਰਤੋਂ ਕਰਦਾ ਹੈ ? ਉਦਾਹਰਣ ਲਈ ਕੋਈ ਦੋ ਸਤਰਾਂ ਲਿਖੋ ।

(*ii*) ਸ਼ਾਹ ਹੁਸੈਨ ਦਾ ਜੀਵਨ-ਕਾਲ ਦਸ ਕੇ ਉਸਦੀ ਕਿਸੇ ਕਾਫ਼ੀ ਦੀਆਂ ਚਾਰ ਸਤਰਾਂ ਉਦਾਹਰਣ ਵਜੋਂ ਲਿਖੋ ।

(*iii*) ਭਾਈ ਗੁਰਦਾਸ ਦੀਆਂ ਰਚਨਾਵਾਂ ਦੇ ਨਾਂ ਲਿਖੋ ।

(*iv*) ਭਗਤ ਕਬੀਰ ਬਾਰੇ ਸੰਖੇਪ ਨੋਟ ਲਿਖੋ । 5×2=10

## ਭਾਗ III

3\. (ੳ) 'ਸੰਕਰਾਂਤੀ ਕਾਲ' ਤੋਂ ਕੀ ਭਾਵ ਹੈ ? ਪੰਜਾਬੀ ਸਾਹਿਤ ਵਿਚਲੇ ਸੰਕਰਾਂਤੀ-ਕਾਲ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਉ ।

ਜਾਂ

ਸੰਕਰਾਂਤੀ ਕਾਲ ਦੇ ਲੱਛਣ ਦਸ ਕੇ, ਪੰਜਾਬੀ ਸਾਹਿਤ ਵਿਚ ਆਧੁਨਿਕਤਾ ਦੇ ਆਰੰਭ ਅਤੇ ਵਿਕਾਸ ਬਾਰੇ ਵਿਚਾਰ ਪੇਸ਼ ਕਰੋ । 15

(ਅ) ਹੇਠ-ਲਿਖਿਆਂ ਵਿਚੋਂ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ । (ਸ਼ਬਦ ਸੀਮਾ **50** ਤੋਂ **60** ਸ਼ਬਦ) :

(*i*) 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦਾ ਰਚਨਾਕਾਰ ਕੌਣ ਹੈ.? ਇਸ ਰਚਨਾ ਵਿਚੋਂ ਕੋਈ ਚਾਰ ਸਤਰਾਂ ਉਦਾਹਰਣ ਦੇ ਤੌਰ 'ਤੇ ਲਿਖੋ ।

(*ii*) 'ਵਾਰ' ਦੀ ਪਰਿਭਾਸ਼ਾ ਲਿਖ ਕੇ, ਕੋਈ ਤਿੰਨ ਵਾਰਾਂ ਦੇ ਨਾਂ ਲਿਖੋ ।

(*iii*) ਭਗਤ ਰਵਿਦਾਸ ਬਾਰੇ ਸੰਖੇਪ ਨੋਟ ਲਿਖੋ ।

(*iv*) ਹਾਸ਼ਮ ਨੇ ਕਿਹੜੇ-ਕਿਹੜੇ ਕਿੱਸਿਆਂ ਦੀ ਰਚਨਾ ਕੀਤੀ ? ਕਿਸੇ ਇਕ ਕਿੱਸੇ ਦੀਆਂ ਚਾਰ ਸਤਰਾਂ ਉਦਾਹਰਣ ਵਜੋਂ ਲਿਖੋ । $5 \times 2 = 10$